ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦਾ ਸੰਕਲਪ

**ਅਮਨਦੀਪ ਕੌਰ**

ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਲ ਲਾਈਨਜ਼, ਲੁਧਿਆਣਾ।

**ਸਾਰਾਂਸ਼:-**

ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੁਆਰਾ ਰਚਿਤ 59 ਪਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਰਾਗਾਂ ਵਿੱਚ ਦਰਜ ਹੈ। ਗੁਰੂ ਜੀ ਦੀ ਬਾਣੀ ਵਿੱਚ ਸਮਕਾਲ ਦੀ ਸਥਿਤੀ ,ਮਨੁੱਖ ਦੀ ਮਾਨਸਿਕਤਾ, ਸ੍ਰਿਸ਼ਟੀ ਰਚਨਾ ,ਨਾਸ਼ਮਾਨਤਾ ਦਾ ਸੰਕਲਪ ,ਪਰਮਾਤਮਾ ਦਾ ਸਰੂਪ ,ਮੁਕਤੀ ਦਾ ਸੰਕਲਪ ਆਦਿ ਵਿਸ਼ਿਆਂ ਨੂੰ ਢੁੱਕਵੇ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ। ਇਸ ਖੋਜ -ਪੇਪਰ ਰਾਹੀਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦੇ ਸੰਕਲਪ ਦਾ ਵਿਸਲੇਸ਼ਣ ਕੀਤਾ ਗਿਆ ਹੈ ।ਗੁਰੂ ਜੀ ਸੰਸਾਰ ਦੀ ਨਾਸ਼ਮਾਨਤਾ ਨੂੰ ਧੂੰਏ ,ਸੁਪਨੇ ,ਬੁਲਬੁਲੇ ,ਰੇਤ ਦੀ ਕੰਧ ਆਦਿ ਰੂਪਕਾਂ ਰਾਹੀਂ ਦੱਸਦੇ ਹਨ ਕਿ ਸੰਸਾਰ ਵਿੱਚ ਕੁਝ ਵੀ ਸਦਾ ਸਥਿਰ ਰਹਿਣ ਵਾਲਾ ਨਹੀਂ ਹੈ। ਸੰਸਾਰ ਜੋ ਬਾਹਰੋਂ ਦਿਖਾਈ ਦਿੰਦਾ ਰੂਪ ਅਸਲ/ ਸੱਚਾ ਲੱਗਦਾ ਹੈ ਪ੍ਰੰਤੂ ਇਹ ਸੰਸਾਰ ਦਾ ਮਿਥਿਆ ਭਾਵ ਭਰਮਿਤ ਰੂਪ ਹੈ। ਗੁਰੂ ਜੀ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਸਰੀਰ ਨਾਸ਼ਮਾਨ ਤੇ ਆਤਮਾ ਅਮਰ ਹੈ । ਮਨੁੱਖ ਮਾਇਆ ਦੇ ਅਡੰਬਰ ਦੇ ਅੰਤਰਗਤ ਵਧੇਰੇ ਦੌਲਤ ਤੇ ਉੱਚੇ ਰੁਤਬੇ ਦੀ ਪ੍ਰਾਪਤੀ ਦੀ ਲਾਲਸਾ ਅਧੀਨ ਮਾੜੇ ਕਰਮ ਕਰਦਾ ਹੈ। ਬਾਣੀ ਮਨੁੱਖ ਨੂੰ ਸਕੇ ਸਬੰਧੀਆਂ ਦੇ ਮੋਹ ਤੇ ਵਿਸ਼ੇ - ਵਿਕਾਰਾਂ ਦਾ ਤਿਆਗ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਸਾਹਿਬ ਜੀ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਉਸ ਦੀ ਉਮਰ ਹਰ ਪਲ ਘਟ ਰਹੀ ਹੈ। ਆਪ ਜੀ ਦੀ ਬਾਣੀ ਮਨੁੱਖ ਦੇ ਮਨ ਵਿੱਚ ਉਦਾਸੀ ਜਾਂ ਨਿਰਾਸ਼ਾਵਾਦ ਨਹੀਂ ਬਲਕਿ ਮਨੁੱਖਾ ਜਨਮ ਸਫਲ ਕਰਨ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਸੰਸਾਰਿਕ ਪਦਾਰਥਾਂ, ਵਿਸ਼ੇ ਵਿਕਾਰਾਂ ਤੇ ਮਾਇਆ ਦੇ ਅਡੰਬਰ ਵਿੱਚ ਫਸ ਕੇ ਦੁਖੀ ਰਹਿੰਦਾ ਹੈ। ਬਾਣੀ ਮਨੁੱਖ ਨੂੰ ਸਮਰੱਥ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਮੁਕਤੀ ਪ੍ਰਾਪਤੀ ਦਾ ਰਸਤਾ ਦੱਸਦੀ ਹੈ।

**ਮੁੱਖ ਸ਼ਬਦ**:- ਸੰਸਾਰ ਭਰਮਿਤ ਰੂਪ,ਸਰੀਰਕ ਨਾਸ਼ਮਾਨਤਾ, ਮਾਇਆ ਦਾ ਅਡੰਬਰ, ਵਿਸ਼ੇ -ਵਿਕਾਰ,ਪਰਮਾਤਮਾ ਦਾ ਸਰੂਪ।

ਗੁਰਬਾਣੀ ਸਿੱਖ ਧਰਮ ਦਾ ਅਧਿਆਤਮਿਕ ਪੱਖ ਤੋਂ ਅਹਿਮ ਸਰਮਾਇਆ ਹੈ। ਇਹ ਮਨੁੱਖ ਨੂੰ ਜ਼ਿੰਦਗੀ ਜਿਊਣ ਦਾ ਰਸਤਾ ਦਿਖਾਉਂਦੀ ਹੈ। ਗੁਰਬਾਣੀ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਪਰਮਾਤਮਾ ਦੀ ਪ੍ਰਾਪਤੀ ਅਤੇ ਸੱਚਾਈ ਦੇ ਰਸਤੇ 'ਤੇ ਲੈ ਕੇ ਜਾਂਦੀ ਹੈ। ਇਹ ਮਨੁੱਖ ਨੂੰ ਨਿਮਰ,ਸੇਵਾ ਭਾਵਨਾ ਤੇ ਵਿਤਕਰਾ ਰਹਿਤ ਬਣਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ, ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਹੈ। ਗੁਰਬਾਣੀ ਮਨੁੱਖ ਨੂੰ ਵਿਸ਼ੇ ਵਿਕਾਰਾਂ (ਕਾਮ, ਕ੍ਰੋਧ ,ਲੋਭ ,ਮੋਹ, ਹੰਕਾਰ) ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੀ ਹੈ।ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸੰਸਾਰ ਵਿੱਚ ਰਹਿੰਦਿਆਂ ਪਰਮਾਤਮਾ ਦਾ ਨਾਮ ਸਿਮਰਨ ਕਰਦਿਆਂ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਦੱਸਿਆ ਹੈ । ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ 59 ਪਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਰਾਗਾਂ ਵਿੱਚ ਦਰਜ ਹੈ । ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਾਨਵ ਕੇਂਦਰਿਤ ਹੈ । ਗੁਰੂ ਜੀ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਉਹ ਭੌਤਿਕ ਪਦਾਰਥਾਂ ਵਿੱਚ ਖ਼ੁਆਰ ਨਾ ਹੋ ਕੇ ਜੀਵਨ ਦੇ ਵਾਸਤਵਿਕ ਉਦੇਸ਼ ਲਈ ਯਤਨਸ਼ੀਲ ਰਹੇ । ਗੁਰੂ ਤੇਗ਼ ਬਹਾਦਰ ਜੀ ਦੇ ਪਦਿਆਂ ਤੇ ਸਲੋਕਾਂ ਦੇ ਅੰਤਰਗਤ ਮੁਕਤੀ ਦਾ ਸੰਕਲਪ, ਸ੍ਰਿਸ਼ਟੀ ਦੀ ਰਚਨਾ ਨਾਸ਼ਮਾਨਤਾ ਦਾ ਸੰਕਲਪ ,ਪਰਮਾਤਮਾ ਦਾ ਸਰੂਪ, ਵੈਰਾਗ ਆਦਿ ਵਿਸ਼ੇ ਵਿਸ਼ੇਸ਼ ਰੂਪ ਵਿੱਚ ਪੇਸ਼ ਹੁੰਦੇ ਹਨ । ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦੇ ਸੰਕਲਪ ਦੇ ਅੰਤਰਗਤ ਅਨੇਕਾਂ ਰੂਪ ਪੇਸ਼ ਹੁੰਦੇ ਹਨ । ਨਾਸ਼ਮਾਨਤਾ ਤੋਂ ਭਾਵ ਜੋ ਸੰਸਾਰ ਤੇ ਦਿਖਦਾ ਹੈ ਉਸ ਦਾ ਖ਼ਾਤਮਾ ਹੀ ਅੰਤਿਮ ਸੱਚ ਹੈ । ਗੁਰੂ ਤੇਗ਼ ਬਹਾਦਰ ਜੀ ਸਮਕਾਲੀ ਪਰਿਸਥਿਤੀਆਂ ਦੌਰਾਨ ਮਨੁੱਖਾਂ ਨੂੰ ਨਾਸ਼ਮਾਨਤਾ ਰਾਹੀਂ ਭੌਤਿਕ ਪਦਾਰਥਾਂ ਦੀ ਖਿੱਚ ਵਿੱਚੋਂ ਨਿਕਲਣ ਲਈ ਪ੍ਰੇਰਿਤ ਕਰਦੇ ਹਨ । ਡਾ.ਦਲੀਪ ਸਿੰਘ ਦੀਪ ਦੇ ਸ਼ਬਦਾਂ ਵਿੱਚ:-

> ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸਮੇਂ ਦਾ ਭਾਰਤੀ ਲੋਭ ਅਤੇ ਮੋਹ ਦੀ ਪੱਕੀ ਪਕੜ ਵਿੱਚ ਸੀ ਜਿਸ ਤੋਂ ਉਪਰਾਮ ਕਰਨ ਲਈ ਨਾਸ਼ਮਾਨਤਾ ਦਾ
>
> ਚਿਤ੍ਰਨ ਅਵੱਸ਼ਕ ਸੀ । ਅਜਿਹੇ ਤਿਆਗੀ ਸਿੱਖਾਂ ਨੇ ਅੱਗੋਂ ਆਪਣਾ ਸਭ ਕੁਝ ਨਿਛਾਵਰ ਕੀਤਾ ਅਤੇ ਬੇਮਿਸਾਲ ਕੁਰਬਾਨੀਆਂ ਦਿੱਤੀਆਂ ।ਸੋ ਗੁਰੂ ਸਾਹਿਬ ਦੀ ਚਿਤ੍ਰਤ ਨਾਸ਼ਮਾਨਤਾ ਨਿਰਾਸ਼ਾਵਾਦੀ ਜਾਂ ਭਾਂਜਵਾਦੀ ਨਹੀਂ ਹੈ , ਇਹ ਆਸ਼ਾਵਾਦੀ ਅਤੇ ਮਨੁੱਖਤਾਵਾਦੀ ਹੈ, ਜੋ ਕਾਰਜਸ਼ੀਲਤਾ ਲਈ ਸਦੇਵ ਪ੍ਰੇਰਦੀ ਹੈ ।[1]

ਗੁਰੂ ਸਾਹਿਬ ਜੀ ਦੀ ਬਾਣੀ ਇਹ ਸੰਸਾਰ ਅਤੇ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਰਾਹੀਂ ਦ੍ਰਿੜ੍ਹ ਕਰਵਾਉਂਦੀ ਹੈ ਜੋ ਪੈਦਾ ਹੋਇਆ ਹੈ ਉਹ ਨਾਸ਼ਵਾਨ ਹੈ । ਗੁਰੂ ਸਾਹਿਬ ਜੀ ਸੰਸਾਰ ਦੀ ਨਾਸ਼ਮਾਨਤਾ ਦੀ ਗੱਲ ਕਰਦੇ ਹਨ ਕਿ ਇਹ ਸੰਸਾਰ ਜੋ ਬਾਹਰੀ ਦਿਖਾਈ ਦਿੰਦਾ ਹੈ ਭਰਮਿਤ ਜੀਵਨ ਹੈ । ਸਧਾਰਨ ਮਨੁੱਖ ਇਸ ਭਰਮਿਤ ਸੰਸਾਰ ਦੇ ਬਾਹਰਲੇ ਦਿਖਾਵੇ ਤੋਂ ਪ੍ਰਭਾਵਿਤ ਹੋ ਕੇ ਇਸ ਦੇ ਮੋਹਿਤ ਹੋ ਜਾਂਦਾ ਹੈ ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

"ਮਨੁੱਖ ਇਸ ਦੇ ਸੁੱਖਾਂ ਵਿੱਚ ਫਸ ਕੇ ਉਨ੍ਹਾਂ ਤੋਂ ਆਕਰਸ਼ਿਤ ਹੋ ਕੇ ,ਇਹ ਸਮਝ ਲਵੇ ਕਿ ਸੰਸਾਰ ਦਾ ਇਹ ਸਰੂਪ ਉਸਦੇ ਸਾਮ੍ਹਣੇ ਸਦਾ ਰਹੇਗਾ । ਜਿਸ ਸੰਸਾਰ ਨੂੰ ,ਜਿੰਨਾ ਸੁੱਖਾਂ ਨੂੰ ਉਹ ਸਦੀਵੀ ਸਮਝ ਕੇ ਉਹਨਾਂ ਵਿੱਚ ਫਸਿਆ ਹੈ , ਇਹ ਸਦੀਵੀ ਨਹੀਂ ਹਨ , ਇਹ ਨਾਸ਼ਵਾਨ ਹਨ ,ਇਹ ਸਮਾਪਤ ਹੋ ਜਾਣਗੇ ।"[2]

ਗੁਰੂ ਸਾਹਿਬ ਜੀ ਨੇ ਬਾਣੀ ਵਿੱਚ ਸੰਸਾਰ ਦੇ ਝੂਠੇ ਰੂਪ ਨੂੰ ਪੇਸ਼ ਕੀਤਾ ਹੈ। ਇਹ ਸੰਸਾਰ ਮਿਥਿਆ ਭਾਵ ਝੂਠਾ ਹੈ ਜੋ ਬਾਹਰੋਂ ਦਿਖਾਈ ਦਿੰਦਾ ਅਸਲ ਵਿੱਚ ਉਹ ਨਹੀਂ । ਗੁਰੂ ਜੀ ਸੰਸਾਰ ਲਈ ' ਧੂੰਏ' ਦਾ ਰੂਪਕ ਵਰਤਦੇ ਹਨ । ਗੁਰੂ ਸਾਹਿਬ ਜੀ 'ਧੂੰਏਂ' ਸ਼ਬਦ ਵਰਤਦੇ ਹਨ ਜਿਵੇਂ ਧੂੰਆਂ ਆਪਣੀ ਹੋਂਦ ਦਿਖਾਉਂਦਾ ਹੈ ਪ੍ਰੰਤੂ ਹੁੰਦਾ ਕੁਝ ਵੀ ਨਹੀਂ। ਧੂੰਆਂ ਕੁਝ ਹੀ ਪਲਾਂ ਵਿੱਚ ਉਹ ਹਵਾ 'ਚ ਵਲੀਨ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਦਾ ਕਥਨ ਹੈ :-

ਇਹ ਜਗ ਧੂਏ ਦਾ ਪਹਾਰ ॥ਤੈ ਸਾਚਾ ਮਾਨਿਆ ਕਿਹ ਬੀਚਾਰ ॥ ੧॥

ਧਨ ਦਾਰਾ ਸੰਪਤਿ ਗ੍ਰੇਹ ॥ ਕੁਛ ਸੰਗਿ ਨ ਚਾਲੇ ਸਮਝ ਲੇਹ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ,ਅੰਗ –1187 )

ਸੰਸਾਰ ਦੀ ਨਾਸ਼ਮਾਨਤਾ ਦਰਸਾਉਣ ਲਈ ਗੁਰੂ ਜੀ ਨੇ 'ਸੁਪਨੇ' ਦਾ ਰੂਪਕ ਆਪਣੀ ਰਚਨਾ ਵਿੱਚ ਵਧੇਰੇ ਵਰਤਿਆ ਹੈ ਜਿਵੇਂ ਮਨੁੱਖ ਰਾਤ ਵੇਲੇ ਨੀਂਦ ਵਿੱਚ ਸੁਪਨਾ ਦੇਖਦਾ ਤਾਂ ਉਸ ਨੂੰ ਸੁਪਨੇ ਵਿੱਚ ਹੀ ਸਭ ਸੰਸਾਰਿਕ ਰੂਪ ਯਥਾਰਥ ਪ੍ਰਤੀਤ ਹੁੰਦਾ ਹੈ । ਉਸ ਨੂੰ ਸਵੇਰੇ ਜਾਗਣ ਉਪਰੰਤ ਸੁਪਨਾ ਮਿਥਿਆ ਭਾਵ ਝੂਠਾ ਲੱਗਦਾ ਹੈ ਜਿਸ ਦੀ ਹੋਂਦ ਹੁੰਦੀ ਨਹੀਂ ਹੈ । ਮਨੁੱਖ ਨੂੰ ਸੁਪਨਾ ਭਰਮ ਸਮਾਨ ਲੱਗਦਾ ਹੈ ਜਿਸ ਕਰਕੇ ਉਸ ਨੂੰ ਭੁੱਲ ਜਾਂਦਾ ਹੈ । ਗੁਰੂ ਸਾਹਿਬ ਜੀ ਸੁਪਨੇ ਦੇ ਰੂਪਕ ਰਾਹੀ ਮਨੁੱਖ ਨੂੰ ਸੰਸਾਰ ਦਾ ਅਸਲ ਰੂਪ ਬਾਰੇ ਦੱਸਦੇ ਹਨ:-

ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥

(ਸ਼੍ਰੀ ਗੁਰੂ ਗ੍ਰੰਥ ਸਾਹਿਬ ,ਅੰਗ –1231 )

ਸਮ ਸੁਪਨੇ ਕੈ ਇਹ ਜਗੁ ਜਾਨੁ ॥

ਬਿਨਸੈ ਛਿਨ ਮੈ ਸਾਚੀ ਮਾਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ,ਅੰਗ – 1187 )

ਗੁਰੂ ਤੇਗ਼ ਬਹਾਦਰ ਜੀ ਸੰਸਾਰ ਨੂੰ ਨਾਸ਼ਮਾਨ ਸਿੱਧ ਕਰਨ ਲਈ ਧੂੰਏ , ਬੱਦਲ, ਬੁਲਬੁਲੇ ਦਾ ਰੂਪਕ ਵਰਤਦੇ ਹਨ । ਉਨ੍ਹਾਂ ਆਪਣੇ ਜੀਵਨ ਅਨੁਭਵ ਤੇ ਕਲਪਨਾ ਸ਼ਕਤੀ ਨਾਲ ਸਮਾਜ ਸਭਿਆਚਾਰ ਵਿੱਚੋਂ ਰੂਪਕ ਲੈ ਕੇ ਕਾਵਿ ਸਿਰਜਨਾ ਕਰਦੇ ਹਨ । ਗੁਰੂ ਸਾਹਿਬ ਜੀ ਨੇ ਸੰਸਾਰ ਨੂੰ ਪਾਣੀ ਤੇ ਉਪਜੇ 'ਬੁਲਬਲੇ' ਸਮਾਨ ਚਿਤਰਿਆ ਹੈ ਜੋ ਇੱਕ ਪਲ ਵਿੱਚ ਪੈਦਾ ਹੋਇਆ ਤੇ ਖ਼ਤਮ ਹੋ ਜਾਂਦਾ ਹੈ:-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ,ਅੰਗ –1427 )

ਗੁਰੂ ਜੀ ਸੰਸਾਰ ਨੂੰ ਮਿਥਿਆ /ਭਰਮਿਤ ਕਹਿੰਦੇ ਜਿਸ ਦੇ ਵਿਸ਼ੇ-ਵਿਕਾਰਾਂ ਵਿੱਚ ਮਨੁੱਖ ਖਚਿਤ ਹੋ ਕੇ ਰਹਿ ਜਾਂਦਾ ਹੈ। ਇਹ ਸੰਸਾਰ ਪਰਮਾਤਮਾ ਦੁਆਰਾ ਸਿਰਜਤ ਰਚਨਾ ਹੈ ਪ੍ਰੰਤੂ ਸਦਾ ਸਥਿਰ ਰਹਿਣ ਵਾਲੀ ਨਹੀਂ ਹੈ । ਇੱਥੇ ਜੋ ਵੀ ਪੈਦਾ ਹੋਇਆ ਸਮਾਂ ਪਾ ਕੇ ਖਤਮ ਹੋਣਾ ਹੀ ਹੈ। ਸੰਸਾਰ ਵੀ ਝੂਠਾ ਜੋ ਸਮੇਂ ਨਾਲ ਨਾਸ਼ਮਾਨ ਹੈ। ਆਪ ਨੇ 'ਰੇਤ ਦੀ ਕੰਧ' ਦਾ ਰੂਪਕ ਵਰਤਦੇ ਹੋਏ ਜਗਤ ਦੀ ਨਾਸ਼ਮਾਨਤਾ ਬਾਰੇ ਦੱਸਦੇ ਹਨ:-

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ ,ਅੰਗ –1429)

ਗੁਰੂ ਤੇਗ਼ ਬਹਾਦਰ ਜੀ ਸੰਸਾਰ ਦੀ ਨਾਸ਼ਮਾਨਤਾ ਦੇ ਨਾਲ ਨਾਲ ਸਰੀਰਕ ਨਾਸ਼ਮਾਨਤਾ ਨੂੰ ਵੀ ਬਾਣੀ ਵਿੱਚ ਪੇਸ਼ ਕਰਦੇ ਹਨ ।ਗੁਰੂ ਜੀ ਦੀ ਬਾਣੀ ਸਰੀਰਕ ਨਾਸ਼ਮਾਨਤਾ ਰਾਹੀਂ ਸਰੀਰਕ ਅਸਥਿਰ ਤੇ ਆਤਮਾ ਦੀ ਅਮਰਤਾ ਦੇ ਵਿਚਾਰ ਰਾਹੀਂ ਮਨੁੱਖ ਨੂੰ ਚੇਤੰਨ ਕਰਦੀ ਹੈ । ਗੁਰੂ ਜੀ ਨੇ ਨਾਸ਼ਮਾਨਤਾ ਦੀ ਪੇਸ਼ਕਾਰੀ ਵਿੱਚ ਮੌਤ ਦੇ ਚਿੰਤਨ ਦਾ ਚਿੱਤਰ ਵੀ ਪੇਸ਼ ਕੀਤਾ ਹੈ । ਗੁਰੂ ਸਾਹਿਬ ਜੀ ਦੀ ਬਾਣੀ ਵਧੇਰੇ ਕਿਸੇ ਵਿਅਕਤੀ ਦੀ ਮੌਤ ਹੋ ਜਾਣ ਉਪਰੰਤ ਪੜ੍ਹੀ ਜਾਂਦੀ ਹੈ ।ਮੌਤ ਅਜਿਹਾ ਵਰਤਾਰਾ ਹੈ ਜੋ ਜੀਵਤ ਮਨੁੱਖ ਦੇ ਮਨ ਅੰਦਰ ਭੈ ਪੈਦਾ ਕਰਦਾ ਹੈ । ਵਿਅਕਤੀ ਦੇ ਮਰਨ ਉਪਰੰਤ ਸਕੇ-ਸਬੰਧੀਆਂ ਦੀ ਮਾਨਸਿਕਤਾ ਵੈਰਾਗਮਈ ਹੁੰਦੀ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

"ਮੌਤ ਸਮੇਂ ਪੜ੍ਹੀ ਸੁਣੀ ਗਈ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਜਾਗੇ ਹੋਏ ਵੈਰਾਗ ਭਾਵਾਂ ਨੂੰ ਹੋਰ ਡੂੰਘਾ ਤੇ ਚੇਤਨ ਕਰਦੀ ਹੈ।ਇਸ ਬਾਣੀ ਦਾ ਨਾਸ਼ਮਾਨਤਾ ਦਾ ਵਿਸ਼ਾ ਜਗਤ ਦੀ ਅਸਥਿਰਤਾ ਨੂੰ ਬੁੱਧੀ ਵਿੱਚ ਟਿਕਾਉਣ ਵਿੱਚ ਸਹਾਈ ਹੁੰਦਾ ਹੈ। ਜਿਹੜੇ ਅਜਿਹੇ ਮੌਕਿਆਂ ਉੱਤੇ ਇਸਦਾ ਲਾਭ ਉਠਾ ਲੈਂਦੇ ਹਨ ਉਹ ਆਪਣੇ ਜੀਵਨ ਨੂੰ ਵਧੇਰੇ ਉਚੇਰੇ ਪੱਧਰ ਉੱਤੇ ਲਿਜਾਣ ਵਿੱਚ ਕਾਫ਼ੀ ਸਹਾਇਤਾ ਪ੍ਰਾਪਤ ਕਰਦੇ ਹਨ ।ਪਰ ਉਹ ਹੀ ਇਹ ਲਾਭ ਨੂੰ ਉਠਾਉਂਦੇ ਹਨ ਜਿਹੜੇ ਭਾਗਾਂ ਵਾਲੇ ਹੁੰਦੇ ਹਨ। ਸ਼ਾਇਦ ਗੁਰੂ ਤੇਗ਼ ਬਹਾਦਰ ਜੀ ਨੇ ਇਸ ਪ੍ਰਕਾਰ ਦੇ ਵਿਸ਼ੇਸ਼ ਵਿਅਕਤੀਆਂ ਲਈ ਤੇ ਮੌਤ ਵਾਪਰਨ ਦੇ ਮੌਕਿਆਂ ਲਈ ਹੀ ਉਚੇਚੇ ਤੌਰ ਉਤੇ ਇਸ ਬਾਣੀ ਦੀ ਰਚਨਾ ਕੀਤੀ ਹੈ ।"[3]

ਮੌਤ ਹੀ ਜੀਵਤ ਮਨੁੱਖਾਂ ਨੂੰ ਅਹਿਸਾਸ ਕਰਵਾਉਂਦੀ ਹੈ ਕਿ ਸਭ ਕੁਝ ਨਾਸ਼ਵਾਨ ਹੈ ਪ੍ਰੰਤੂ ਮਨੁੱਖ ਆਪਣੇ ਸਰੀਰ ਤੇ ਮਾਣ ਕਰਦਾ ਹੋਇਆ ਪਰਮਾਤਮਾ ਨੂੰ ਭੁੱਲਿਆ ਹੋਇਆ ਹੈ। ਗੁਰੂ ਜੀ ਮਨੁੱਖ ਨੂੰ ਸਰੀਰਕ ਮੋਹ ਦਾ ਤਿਆਗ ਕਰ ਲਈ ਕਹਿੰਦੇ ਹਨ:-

ਗਰਭ ਕਰਤ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ।

( ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ - 1428)

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ।

(ਸ੍ਰੀ ਗੁਰੂ ਗ੍ਰੰਥ ਸਾਹਿਬ ,ਅੰਗ -219)

ਜਾਗ ਲੇਹੁ ਰੇ ਮਨਾ ਜਾਗ ਵੇਸੁ ਕਹਾ ਗਾਫਲ ਸੋਇਆ॥
ਜੋ ਤਨ ਉਪਜਿਆ ਸੰਗਿ ਹੀ ਸੋ ਭੀ ਸੰਗਿ ਨ ਹੋਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-726)

ਗੁਰੂ ਤੇਗ਼ ਬਹਾਦਰ ਜੀ ਸਰੀਰ ਦੀ ਨਾਸ਼ਮਾਨਤਾ ਬਾਰੇ ਚੇਤੰਨ ਕਰਦੇ ਦ੍ਰਿੜ ਕਰਵਾਉਂਦੇ ਹਨ ਕਿ ਮੌਤ ਅਟੱਲ ਸੱਚਾਈ ਹੈ। ਮਨੁੱਖ ਆਪਣੀ ਮੌਤ ਬਾਰੇ ਸੋਚ ਕੇ ਭਾਵਕ ਤੇ ਭੈਭੀਤ ਹੋ ਜਾਂਦਾ। ਪਰੰਤੂ ਆਪ ਜੀ ਮਨੁੱਖ ਦੀ ਬੁੱਧੀ ਵਿੱਚ ਪਰਿਵਰਤਨ ਦੇ ਸੱਚ ਨੂੰ ਪੱਕਾ ਕਰਦੇ ਹਨ। ਸਮੇਂ ਦੇ ਬੀਤਣ ਨਾਲ ਹਰ ਵਸਤੂ ਦਾ ਰੂਪ ਬਦਲਦਾ ਹੈ। ਇਸੇ ਲਈ ਮਨੁੱਖ ਬਚਪਨ ਤੋਂ ਜਵਾਨੀ ਤੇ ਜਵਾਨੀ ਤੋਂ ਬੁਢਾਪੇ ਤੇ ਅੰਤਿਮ ਆਪਣੀ ਮੌਤ ਵੱਲ ਪਹੁੰਚਦਾ ਹੈ। ਗੁਰੂ ਜੀ ਦੀ ਬਾਣੀ ਮਨੁੱਖ ਨੂੰ ਯਾਦ ਕਰਵਾਉਂਦੀ ਹੈ ਕਿ ਮੌਤ ਕੋਈ ਅਲੋਕਾਰ ਨਹੀਂ ਬਲਕਿ ਇਹ ਇੱਕ ਸੁਭਾਵਿਕ ਵਰਤਾਰਾ ਹੈ ਜੋ ਵਾਪਰਨਾ ਹੀ ਹੈ। ਗੁਰੂ ਜੀ ਮਨੁੱਖ ਦੇ ਮਨ ਵਿੱਚੋਂ ਮੌਤ ਦਾ ਭੈਅ ਦੂਰ ਕਰਦੇ ਹਨ:-

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥

( ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ- 1429)

ਮੌਤ ਦਾ ਚਿੰਤਨ ਮਨੁੱਖ ਅੰਦਰ ਨਿਰਾਸ਼ਾ ਜਾ ਉਦਾਸੀ ਪੈਦਾ ਕਰਨਾ ਨਹੀਂ ਹੈ। ਇਹ ਮਨੁੱਖ ਦੀ ਬੁੱਧੀ ਉੱਪਰ ਨਿਰਭਰ ਕਰਦਾ ਹੈ। ਜੋ ਮਨੁੱਖ ਗੁਰਬਾਣੀ ਨਾਲ ਜੁੜਿਆ ਹੋਵੇਗਾ ਉਸਦੇ ਮਨ ਅੰਦਰ ਭਾਣਾ ਮੰਨਣ ਦਾ ਸੰਕਲਪ ਡੂੰਘੀ ਤਰ੍ਹਾਂ ਸਮਾ ਚੁੱਕਾ ਹੁੰਦਾ ਹੈ। ਉਸ ਮਨੁੱਖ ਦਾ ਮੌਤ ਪ੍ਰਤੀ ਪ੍ਰਤੀਕਰਮ ਸਬਰ ਤੇ ਸ਼ਾਂਤੀ ਵਾਲਾ ਹੁੰਦਾ ਹੈ।

ਮਨੁੱਖ ਸੰਸਾਰ ਵਿੱਚ ਵਿਚਰਦਾ ਹੈ ਤਾਂ ਉਸ ਨੂੰ ਸਕੇ- ਸਬੰਧੀ ਦਾ ਮੋਹ ਤੇ ਭੌਤਿਕ ਪਦਾਰਥਾਂ ਦੀ ਲਾਲਸਾ ਰਹਿੰਦੀ ਹੈ ।ਸੰਸਾਰ ਦੇ ਵਿਕਾਰ ਮਨੁੱਖ ਨੂੰ ਆਪਣੇ ਵੱਲ ਖਿੱਚਦੇ ਹਨ । ਗੁਰੂ ਸਾਹਿਬਾਨ ਜੀ ਦੀ ਬਾਣੀ ਨਾਸ਼ਮਾਨਤਾ ਦੇ ਅੰਤਰਗਤ ਮਨੁੱਖ ਨੂੰ ਮਾਇਆ ਦਾ ਅਡੰਬਰ ਤੇ ਵਿਕਾਰਾਂ ਦਾ ਤਿਆਗ ਕਰਨ ਲਈ ਪ੍ਰੇਰਿਤ ਕਰਦੀ ਹੈ।ਮਾਇਆ ਦੇ ਅਡੰਬਰ ਦੇ ਅੰਤਰਗਤ ਮਨੁੱਖ ਸਮਾਜਿਕ ਰਿਸ਼ਤਿਆਂ ਜਿਵੇਂ ਮਾਂ-ਪਿਓ, ਭੈਣ-ਭਰਾ ,ਪਤੀ-ਪਤਨੀ ,ਧੀ-ਪੁੱਤਰ ਦੇ ਮੋਹ ਵਿੱਚ ਫਸਿਆ ਵਧੇਰੇ ਪਦਾਰਥਾਂ ਨੂੰ ਇਕੱਤਰ ਕਰਨ ਦੀ ਦੌੜ ਵਿੱਚ ਲੱਗਾ ਰਹਿੰਦਾ ਹੈ । ਸਮਾਜ ਵਿੱਚ ਰਹਿੰਦਾ ਮਨੁੱਖ ਵਧੇਰੇ ਦੌਲਤ ਤੇ ਉੱਚੇ ਰੁਤਬੇ ਦੀ ਝਾਕ ਵਿੱਚ ਅਣਮਨੁੱਖੀ ਵਿਹਾਰ ਅਤੇ ਗਲਤ ਰਸਤੇ ਵੀ ਅਖ਼ਤਿਆਰ ਕਰਦਾ ਹੈ।

ਪ੍ਰੋ ਕਿਸ਼ਨ ਸਿੰਘ ਦੇ ਵਿਚਾਰ ਅਨੁਸਾਰ" ਇਹ ਬਾਣੀ ਮਾਇਆ ਦਾ ਅਤੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਮਨੋਰਥਾਂ ਦਾ ਤਿਆਗ ਕਰਵਾਉਂਦੀ ਹੈ । ਜ਼ਾਹਿਰ ਹੈ ਕਿ ਇਹ ਤਿਆਗ ਜ਼ਿੰਦਗੀ ਦਾ ਨਹੀਂ ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦਾ ਹੈ ।ਉਸਦੀ ਬਾਬਤ ਹੀ ਇਹ ਬਾਣੀ ਕਹਿ ਰਹੀ ਹੈ ਕਿ ਇਹ ਝੂਠੀ ਹੈ ;ਇਹ ਨਹੀਂ ਰਹਿਣੀ।ਇਸ ਬਾਣੀ ਦੀ ਬਾਬਤ ਜੋ ਵੈਰਾਗ ਸਮਝਿਆ ਜਾਂਦਾ ਹੈ , ਉਹ ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੇ ਤਿਆਗ ਵਾਸਤੇ ਪ੍ਰੇਰਨਾ ਹੈ, ਉਸਦੇ ਵਿਰੁੱਧ ਇਨਕਲਾਬ ਹੈ। ਇਸ ਬਾਣੀ ਵਿੱਚ ਤਿਆਗੀ ਨਹੀਂ ਬੋਲ ਰਿਹਾ ,ਇਨਕਲਾਬੀ ਬੋਲ ਰਿਹਾ ਹੈ ।"[4]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਜੀ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਸੰਸਾਰਕ ਪਦਾਰਥ ਜਿਵੇਂ ਧਨ-ਦੌਲਤ, ਮਹਿਲ - ਮੁਨਾਰੇ ਨਾਲ ਨਹੀਂ ਜਾਣੇ ਹਨ । ਪ੍ਰਮਾਤਮਾ ਦੇ ਨਾਮ-ਸਿਮਰਨ ਬਿਨਾਂ ਮਨੁੱਖ ਦੇ ਮਾਇਆ ਦੇ ਵਰਤਾਰੇ ਅਧੀਨ ਬਣਾਏ ਮਹਿਲ -ਮਾੜੀਆਂ, ਮੋਹ ਦੇ ਰਿਸ਼ਤੇ ਸਭ ਬੇਕਾਰ ਹਨ। ਗੁਰੂ ਜੀ ਉਪਦੇਸ਼ ਦਿੰਦੇ ਹਨ-

ਸਾਧੋ ਇਹ ਜਗੁ ਭਰਮ ਭੁਲਾਨਾ॥

ਰਾਮ ਨਾਮ ਕਾ ਸਿਮਰਨ ਛੋਡਿਆ।

ਮਾਇਆ ਹਾਥ ਬਿਕਾਨਾ ॥ ੧ ॥ ਰਹਾਉ ॥

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਿਪਟਾਨਾ ॥

ਜੋਬਨ ਧਨੁ ਪ੍ਰਭਤਾ ਕੇ ਮਦ ਮੈ ਅਹਿਨਿਸ ਰਹੈ ਦਿਵਾਨਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-684)

ਗੁਰੂ ਜੀ ਨੇ ਬਾਣੀ ਵਿੱਚ ਮਾਇਆ ਨੂੰ ਮਦ ਜਾਂ ਨਸ਼ਾ ਵੀ ਕਹਿਕੇ ਵਿਅਕਤ ਕਰਦੇ ਹਨ। ਮਾਇਆ ਜਾਂ ਨਸ਼ੇ ਵਿੱਚ ਮਨੁੱਖ ਸਭ ਭੁੱਲ ਜਾਂਦਾ ਹੈ ਕਿ ਇਹ ਥੋੜ੍ਹ-ਚਿਰਾ ਹੁੰਦਾ ਹੈ । ਮਾਇਆ ਦੇ ਪ੍ਰਭਾਵ ਬਾਰੇ ਆਪ ਲਿਖਦੇ ਹਨ:-

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ।

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-536)

ਪ੍ਰਾਨੀ ਰਾਮ ਨ ਚੇਤਈ ਮਦ ਮਾਇਆ ਕੈ ਅੰਧ ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-1428)

ਗੁਰੂ ਤੇਗ਼ ਬਹਾਦਰ ਜੀ ਨੇ ਮਾਨਵਤਾ ਨੂੰ ਆਸ਼ਾਮਈ ਸੰਦੇਸ਼ ਦਿੰਦੇ ਹੋਏ ਮਾਨਸਿਕਤਾ ਦੀ ਭਟਕਣਾ ਨੂੰ ਬਾਣੀ ਰਾਹੀਂ ਦੂਰ ਕੀਤਾ ਹੈ। ਗੁਰੂ ਜੀ ਨਾਸ਼ਮਾਨਤਾ ਦੇ ਪ੍ਰਗਟਾਅ ਰਾਹੀਂ ਮਨੁੱਖ ਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦੇ ਹਨ ।ਗੁਰੂ ਸਾਹਿਬ ਜੀ ਨੇ ਸਰੀਰਕ ਤੇ ਸੰਸਾਰਿਕ ਨਾਸ਼ਮਾਨਤਾ ਰਾਹੀ ਮਨੁੱਖ ਦੇ ਮਨ ਅੰਦਰ ਮੌਤ ਦਾ ਭੈ ਦੇ ਵਿਰੋਧ ਵਿੱਚ ਇਸ ਦਾ ਇਲਾਜ ਵੀ ਕਰਦੇ ਹਨ । ਉਹ ਬਾਣੀ ਰਾਹੀਂ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਉਹ ਵਿਸ਼ੇ ਵਿਕਾਰਾਂ ਤੇ ਮਾਇਆ ਦੇ ਅਡੰਬਰ ਵਿੱਚ ਫਸ ਕੇ ਹੀ ਦੁੱਖ ਭੋਗਦਾ ਹੈ। ਮਨੁੱਖ ਸਮਰੱਥ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਜੀਵਨ ਨੂੰ ਸਫਲਾ ਬਣਾ ਸਕਦਾ ਹੈ। ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਲਈ ਪ੍ਰੇਰਿਤ ਕਰਦੇ ਹਨ :-

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥

ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-727 )

ਉਪਰੋਕਤ ਤੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਬਾਣੀ ਰਾਹੀਂ ਮਨੁੱਖ ਨੂੰ ਪਰਮਾਤਮਾ ਦੇ ਨਾਮ -ਸਿਮਰਨ ਨਾਲ ਜੁੜਨ ਲਈ ਪ੍ਰੇਰਿਤ ਕਰਦੇ ਹਨ । ਬਾਣੀ ਵਿੱਚ ਨਾਸ਼ਮਾਨਤਾ ਨਿਰਾਸ਼ਾਵਾਦ ਜਾਂ ਉਦਾਸੀ ਨਹੀਂ ਪੈਦਾ ਕਰਦੀ ਬਲਕਿ ਜੀਵਨ ਲਈ ਉਸਾਰੂ ਪੱਖ ਪੇਸ਼ ਕਰਦੀ ਹੈ । ਮਨੁੱਖ ਨੂੰ ਇਸ ਸੰਸਾਰ ਭੌਤਿਕ ਪਦਾਰਥਾਂ ਤੇ ਸਕੇ -ਸਬੰਧੀਆਂ ਦੇ ਰਿਸ਼ਤੇ ਨੂੰ ਨਾਸ਼ਮਾਨ ਸਮਝਦੇ ਹੋਏ ਸੁਚੱਜਾ ਜੀਵਨ ਜਿਊਣਾ ਚਾਹੀਦਾ ਹੈ । ਮਨੁੱਖ ਮਾਇਆ ਦਾ ਅਡੰਬਰ ਤੇ ਵਿਸ਼ੇ ਵਿਕਾਰਾਂ (ਕਾਮ,ਕ੍ਰੋਧ,ਲੋਭ, ਮੋਹ ,ਹੰਕਾਰ )ਦਾ ਤਿਆਗ ਕਰਕੇ ਉੱਚਾ ਤੇ ਸੁੱਚਾ ਜੀਵਨ ਬਤੀਤ ਕਰੇ । ਗੁਰੂ ਜੀ ਦੀ ਬਾਣੀ ਵਿਚ ਪੇਸ਼ ਜੀਵਨ-ਜੁਗਤ ਅਨੁਸਾਰ ਵਿਚਰਦਾ ਮਨੁੱਖ ਪਰਮ-ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. ਡਾ. ਦਲੀਪ ਸਿੰਘ ਦੀਪ, ਗੁਰੂ ਤੇਗ਼ ਬਹਾਦਰ ਜੀਵਨ ਦਰਸ਼ਨ ਤੇ ਰਚਨਾ,ਰਘਬੀਰ ਰਚਨਾ ਪ੍ਰਕਾਸ਼ਨ,ਅੰਮ੍ਰਿਤਸਰ, 1975,ਪੰਨਾ - 74
2. ਡਾ. ਸਾਧੂ ਰਾਮ ਸ਼ਰਧਾ, ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਬਾਣੀ,ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਪਬਲਿਕਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ,1976,ਪੰਨਾ -142
3. ਰਾਮ ਸਿੰਘ, ਬਾਣੀ ਗੁਰੂ ਤੇਗ ਬਹਾਦਰ ਵਿਸ਼ਾ ਤੇ ਕਲਾ ,ਪੰਜਾਬ ਯੂਨੀਵਰਸਿਟੀ ,ਚੰਡੀਗੜ੍ਹ , 1976,ਪੰਨਾ-33
4. ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ,ਡਾ. ਸਰਬਜੀਤ ਸਿੰਘ (ਸੰਪਾ.), ਪੰਜਾਬੀ ਸਾਹਿਤ ਅਕਾਡਮੀ,ਲੁਧਿਆਣਾ,ਤੀਜੀ ਵਾਰ, 2025 ,ਪੰਨਾ 202


© Copyright @ Authors